# ਤੋਪਖਾਨੇ ਬਾਰੇ

ੴ ਸਤਿਗੁਰਪ੍ਰਸਾਦਿ ॥

ਕਹਾ ਬੁੱਧ ਪ੍ਰਭ ਤੁੱਛ ਬੁਧ ਹਮਾਰੀ ॥ ਬਰਨਿ ਸਕੈ ਮਹਿਮਾ ਜੁ ਤਿਹਾਰੀ ॥
ਹਮ ਨਾ ਸਕਤ ਕਰਿ ਸਿਫਤ ਤੁਮਾਰੀ ॥ ਆਪ ਲੇਹੁ ਤੁਮ ਕਥਾ ਸੁਧਾਰੀ ॥੩॥
ਕਹਾ ਲਗੈ ਇਹੁ ਕੀਟ ਬਖਾਨੈ ॥ ਮਹਿਮਾ ਤੋਰਿ ਤੁਹੀ ਪ੍ਰਭ ਜਾਨੈ ॥
ਪਿਤਾ ਜਨਮ ਜਿਮ ਪੂਤ ਨ ਪਾਵੈ ॥ ਕਹਾ ਤਵਨ ਕਾ ਭੇਦ ਬਤਾਵੈ ॥੪॥ [੧]

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ [੨]

ਭਾਈ ਸ਼ੰਕਾਵਾਦੀ ਸਜਨੋ, ਸ੍ਰੀ ਹਜ਼ੂਰ ਸਾਹਿਬ ਵਿਚ ਗੁਰੂ ਸਾਹਿਬ ਜੀ ਦੇ ਤੋਪਖਾਨੇ ਵਿਚੋਂ ਕੁਝ ਤੋਪਾਂ ਮੌਜੂਦ ਹਨ, ਜੋ ਹਜ਼ੂਰੀ ਸਿੰਘਾਂ ਨੇ ਸਾਂਭ ਕੇ ਹੁਣ ਤਕ ਰਖੀਆਂ ਹੈਂ । ਏਹ ਤੋਪਖਾਨਾ ਸ੍ਰੀ ਦਸ਼ਮੇਸ਼ ਪਿਤਾ ਜੀ ਸਾਬੋ ਕੀ ਤਿਲਵੰਡੀ ਸ੍ਰੀ ਦਮਦਮਾ ਸਾਹਿਬ ਤੋਂ ਲੈ ਕੇ ਚਲੇ ਸਨ, ਜਿਸ ਦਾ ਜ਼ਿਕਰ ਇਲਾਕਾ ਬਰਾੜ ਭਗੌੜ ਸਾਹਿਬ ਦੇ ਜੰਗ ਵਿਚ ਆਉਂਦਾ ਹੈ ਕਿ ਮੈਦਾਨੇ ਜੰਗ ਮੇਂ ਜੀਤ ਕੇ ਖ਼ਾਲਸਾ ਫ਼ੌਜ ਪ੍ਰਤੀ ਹੁਕਮ ਕੀਆ ਸੀ ਕਿ ਕਿਲੇ ਤੇ ਕਬਜ਼ਾ ਕਰੋ । ਜੋ ਫ਼ੌਜ ਬਚ ਗਈ ਵੈਰੀ ਦਲ ਦੀ, ਸੋ ਕਿਲੇ ਵਿਚ ਜਾ ਕੇ ਦਰਵਾਜ਼ੇ ਬੰਦ ਕਰਕੇ ਆਕੀ ਹੋ ਗਏ ਸਨ । ਗੁਰੂ ਸਾਹਿਬ ਜੀ ਦਾ ਹੁਕਮ ਹੋਣ ਪਰ ਭਾਈ ਦਯਾ ਸਿੰਘ ਜੀ ਨੇ ਤੋਪ ਪਹਾੜ ਤੇ ਚਾੜ ਕੇ ਕਿਲੇ ਤੇ ਗੋਲਾਬਾਰੀ ਕੀਤੀ । ਇਸਤਰ੍ਹਾਂ ਜ਼ਿਕਰ ਤੋਪ ਦਾ ਆਉਂਦਾ ਹੈ । ਏਹ ਅਸਥਾਨ ਸ੍ਰੀ ਹਜ਼ੂਰ ਸਾਹਿਬ ਤੋਂ ਸਠ ਕੋਸ ਦੇ ਵਿਥ ਤੇ ਹੈ । ਏਹ ਸਬੂਤ ਤੋਂ ਸਿਧ ਹੁੰਦਾ ਹੈ ਕਿ ਤੋਪਖਾਨਾ ਗੁਰੂ ਸਾਹਿਬ ਜੀ ਦੇ ਨਾਲ ਸੀ ਔਰ ਇਥੋਂ ਤਕ ਆਇਆ । ਓਹ ਤੋਪਖਾਨੇ ਵਿਚੋਂ ਕੁਛ ਤੋਪਾਂ ਇਸ ਵਕਤ ਸ੍ਰੀ ਹਜ਼ੂਰ ਸਾਹਿਬ ਮੌਜੂਦ ਹਨ । ਇਨ੍ਹਾਂ ਤੋਪਾਂ ਦੇ ਚਲਾਵਨ ਵਾਸਤੇ ਏਕ ਸੇਵਾਦਾਰ ਮੁਕੱਰਰ ਹੈ, ਜਿਸਦਾ ਨਾਮ ਹੀ ਤੋਪਚੀ ਸਿੰਘ ਕਰ ਕੇ ਪ੍ਰਸਿਧ ਹੈ । ਗੁਰੂ ਸਾਹਿਬ ਜੀ ਦੇ ਗੁਰਪੁਰਬਾਂ ਤੇ ਕਮੇਟੀ ਜਿਸਤਰ੍ਹਾਂ ਪਾਸ ਕਰੇ, ਯਾਰਾਂ, ਸਤ, ਏਕੀਸ, ਉਤਨੇ ਫੈਰ ਤੋਪਚੀ ਸਿੰਘ ਕਰਦਾ ਹੈ । ਗੁਰਪੁਰਬ, ਕਤਕ ਪੁੰਨਿਆ, ਪੋਹ ਸੁਦੀ ਸਤਮੀ, ਦੂਜਵਾਲੇ ਦਿਨ ਰਾਤ ਨੂੰ ਮਹਾਰਾਜ ਜੀ ਦਾ ਪ੍ਰਕਾਸ਼ ਦੋ ਬਜੇ ਹੁੰਦਾ ਹੈ । ਉਦੋਂ ਤੋਪ ਚਲਾਈ ਜਾਂਦੀ ਹੈ ਔਰ ਚਾਰੇ ਜਲੂਸ ਵ ਮਹਿਲੇ ਦਸੈਹਿਰਾ, ਦਿਵਾਲੀ,

[੧] ਸ੍ਰੀ ਬਚਿੱਤ੍ਰ ਨਾਟਕ, ਪੰਨਾ ੪੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੨] ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪, ਪੰਨਾ ੧੩੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਹੋਲਾ, ਬੈਸਾਖਾ ਦੇ ਜਦੋਂ ਜਲੂਸ ਨਿਕਲਦੇ ਹਨ, ਉਦੋਂ ਕਲਗੀਧਰ ਦਸ਼ਮੇਸ਼ ਪਿਤਾ ਜੀ ਨੂੰ ਜਲੂਸ ਵਿਚ ਘੋੜੇ ਤੇ ਅਸਵਾਰ ਹੋਏ ਜਾਨ ਕੇ ਤੋਪ ਦੀ ਸਲਾਮੀ ਦਿਤੀ ਜਾਂਦੀ ਹੈ । ਉਸ ਤੋਂ ਬਾਦ ਸਾਧ ਸੰਗਤ ਨੂੰ ਗੁਰੂ ਰੂਪ ਜਾਨ ਕੇ ਤੋਪ ਦੀ ਸਲਾਮੀ ਦਿਤੀ ਜਾਂਦੀ, ਜੋ ਕਿ ਪੁਰਾਤਨ ਮ੍ਰਿਜਾਦਾ ਤਖ਼ਤ ਹਜ਼ੂਰ ਸਾਹਿਬ ਦੀ ਚਲੀ ਆ ਰਹੀ ਹੈ ।

ਸੋ ਭਾਈ ਸ਼ੰਕਾਵਾਦੀ ਸਜਨੋ, ਤੁਹਾਨੂੰ ਜੋ ਕਹਿਣਾ ਹੈ ਕਿ ਇਥੋਂ ਦੀ ਮ੍ਰਿਜਾਦਾ ਹਿੰਦੂਆਂ ਦੇ ਮੰਦਰਾਂ ਵਾਲੀ ਵ ਬ੍ਰਾਹਮਨਾਂ ਵਾਲੀ, ਉਦਾਸੀ ਸੰਤਾਂ ਵਾਲੀ ਮ੍ਰਿਜਾਦਾ ਹੈ । ਭਾਈ ਸ਼ੰਕਾਵਾਦੀ ਸਜਨ ਦਸਨ ਦੀ ਕਿਰਪਾਲਤਾ ਕਰਨਗੇ ਕਿ ਹਿੰਦੂਆਂ ਦੇ ਕੇੜ੍ਹੇ ਮੰਦਰ ਵਿਚ ਏਕ ਹਜ਼ਾਰ ਸਿੰਘਾਂ ਦਾ ਕਮਰਕਸਾ ਮੌਜੂਦ ਹੈ, ਸ੍ਰੀ ਸਾਹਿਬਾਂ, ਖੰਡੇ, ਕਿਰਪਾਨਾਂ, ਜੰਬੀਏ, ਕਟਾਰਾਂ, ਬਿਛਵੇ, ਗੁਰਜ, ਤੀਰ, ਕਮਾਨਾਂ, ਢਾਲਾਂ, ਪਿਸਤੋਲਾਂ, ਪੁਰਾਨੇ ਜ਼ਮਾਨੇ ਅਤੇ ਮੌਜੂਦਾ ਜ਼ਮਾਨੇ ਦੇ ਵ ਬੰਦੂਕਾਂ ਪੁਰਾਨੇ ਜ਼ਮਾਨੇ ਦੇ, ਮੌਜੂਦਾ ਜ਼ਮਾਨੇ ਦੀਆਂ ਚਕਰਾਂ ਕੇੜ੍ਹੇ ਮੰਦਰ ਵਿਚ ਹਨ, ਕੇੜ੍ਹੇ ਉਦਾਸੀ ਮੰਦਰ ਵਿਚ ਇਤਨੇ ਹਥਿਆਰ ਹਨ ? ਕੇਹੜੇ ਸਨਾਤਨ ਧਰਮ ਦੇ ਜਲੂਸ ਜੇੜ੍ਹੇ ਜਲੂਸ ਨਿਕਲਦੇ ਹਨ, ਕਿਥੇ ਤੋਪਾਂ ਦੀ ਸਲਾਮੀ ਦਿਤੀ ਜਾਂਦੀ ਹੈ ? ਕੋਈ ਸਿਧ ਕਰ ਸਕੋਗੇ ਕਿ ਏਹ ਹੀ ਕਹਿ ਦਿਤਾ ਕਿ ਹਿੰਦੂਆਂ ਵਾਲੀ ਮ੍ਰਿਜਾਦਾ ਹੈ । ਵਾਹ ਭਾਈ ਸ਼ੰਕਾਵਾਦੀ ਸਜਨੋ, ਏਹ ਤਾਂ ਓਹੀ ਗਲ ਹੂਈ, 'ਗਲੀ ਬਾਤੀਂ ਮੈਂ ਵਡੀ, ਕਰਤੂਤੀਂ ਜੇਠਾਣੀ' ।